83/ਪ

# ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
## ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੋਜਨਾ ਤੇ ਨਿਰੀਖਣ ਬੋਰਡ (Planning & Monitoring Board) ਦੀ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 19-04-2011 ਨੂੰ ਸਵੇਰੇ 10.30 ਵਜੇ ਸਿੰਡੀਕੇਟ ਰੂਮ, ਯੂਨੀਵਰਸਿਟੀ ਕੈਂਪਸ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ।

<u>ਹਾਜਰ ਮੈਂਬਰ</u>

1. ਡਾ. ਜਸਪਾਲ ਸਿੰਘ (ਚੇਅਰਮੈਨ)
   ਵਾਈਸ-ਚਾਂਸਲਰ
2. ਪ੍ਰੋ. ਐਸ.ਐਸ. ਟਿਵਾਣਾ,
   ਡੀਨ ਅਕਾਦਮਿਕ ਮਾਮਲੇ
3. ਪ੍ਰੋ. ਜੋਧ ਸਿੰਘ
4. ਪ੍ਰੋ. ਏ.ਕੇ. ਤਿਵਾੜੀ,
   ਡੀਨ ਮੈਡੀਸਨ
5. ਪ੍ਰੋ. ਹਰਪਾਲ ਕੌਰ ਖਹਿਰਾ,
   ਡੀਨ ਲਾਅ
6. ਪ੍ਰੋ. ਯਸ਼ਪਾਲ ਸ਼ਰਮਾ,
   ਡੀਨ ਆਰਟਸ ਐਂਡ ਕਲਚਰ
7. ਪ੍ਰੋ. ਜੇ.ਐਸ. ਪਸਰੀਚਾ,
   ਡੀਨ ਬਿਜਨਸ ਸਟੱਡੀਜ਼
8. ਪ੍ਰੋ. ਚੰਦਨ ਸਿੰਘ,
   ਡੀਨ ਰਿਸਰਚ
9. ਪ੍ਰੋ. ਏ.ਐਸ. ਚਾਵਲਾ,
   ਪ੍ਰੋ. ਇੰਚਾਰਜ (ਵਿੱਤ)
   (ਵਿਸ਼ੇਸ਼ ਸੱਦੇ ਤੇ)
10. ਸ੍ਰ. ਜਗਤਾਰ ਸਿੰਘ, ਵਿੱਤ ਅਫ਼ਸਰ
11. ਪ੍ਰੋ. ਦੇਵਿੰਦਰ ਸਿੰਘ,
    ਡਾਇਰੈਕਟਰ, ਯੋਜਨਾ ਤੇ ਨਿਰੀਖਣ

ਇਕੱਤਰਤਾ ਦੇ ਆਰੰਭ ਵਿੱਚ ਵਾਈਸ-ਚਾਂਸਲਰ ਸਾਹਿਬ ਨੇ ਪਿਛਲੇ ਸਾਲ ਦੌਰਾਨ ਯੂਨੀਵਰਸਿਟੀ ਦੀ ਕਾਰਗੁਜ਼ਾਰੀ ਬਾਰੇ ਬੋਰਡ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬੋਰਡ ਦੇ ਮੈਂਬਰਾਂ ਨੂੰ ਦੱਸਿਆ ਕਿ ਹੁਣ ਤੱਕ ਯੂਨੀਵਰਸਿਟੀ ਦੇ ਕਾਲਜਾਂ ਦੀ ਐਫੀਲੇਸ਼ਨ ਵੱਧ ਕੇ 208 ਹੋ ਗਈ ਹੈ ਅਤੇ ਪਿਛਲੇ ਸਾਲ ਯੂ.ਜੀ.ਸੀ. ਨੇ ਯੂਨੀਵਰਸਿਟੀ ਵਿਖੇ ਨੈਟ ਦਾ ਸੈਲ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ ਸੀ ਅਤੇ ਦਸੰਬਰ 2010 ਵਿੱਚ ਨੈਟ ਦੀ ਪ੍ਰੀਖਿਆ ਕਰਵਾਈ ਗਈ ਹੈ ਅਤੇ ਹੁਣ ਜੂਨ ਵਿੱਚ ਨੈਟ ਦੀ ਪ੍ਰੀਖਿਆ ਕਰਵਾਈ ਜਾਣੀ ਹੈ। ਯੂਨੀਵਰਸਿਟੀ ਵਿਖੇ Centre for Advanced Studies ਪੰਜਾਬੀ, ਇਕਨਾਮਿਕਸ ਅਤੇ ਫਿਜ਼ਿਕਸ ਸਥਾਪਿਤ ਕਰਵਾਏ ਗਏ ਹਨ। ਪੰਜਾਬੀ ਅਤੇ ਅਰਥਸ਼ਾਸਤਰ ਵਿਭਾਗ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ ਅਤੇ ਫਿਜ਼ਿਕਸ ਵਿਭਾਗ ਲਈ ਗ੍ਰਾਂਟ ਕਿਸੇ ਟੈਕਨੀਕਲ ਕਾਰਨ ਕਰਕੇ ਰੁਕੀ ਹੋਈ ਹੈ ਅਤੇ ਛੇਤੀ ਹੀ ਯੂ.ਜੀ.ਸੀ. ਵੱਲੋਂ ਰਿਲੀਜ਼ ਕੀਤੀ ਜਾਣੀ ਹੈ। ਯੂਨੀਵਰਸਿਟੀ ਵੱਲੋਂ ਭਾਰਤ ਸਰਕਾਰ ਦੇ ਸੋਸ਼ਲ ਜਸਟਿਸ ਐਂਡ ਇਮਪਾਵਰਮੈਂਟ ਮੰਤਰਾਲੈ ਨੂੰ Centre for Disabilities Studies ਦੀ ਤਜਵੀਜ਼ ਭੇਜੀ ਗਈ ਹੈ ਜਿਸ ਦੇ ਪ੍ਰਵਾਨ ਹੋਣ ਦੀ ਆਸ ਹੈ। ਯੂ.ਜੀ.ਸੀ. ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ University with Potential for Excellence ਸਕੀਮ ਵਿੱਚ ਸ਼ਾਰਟ ਲਿਸਟ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਮੁਆਇਨਾ ਟੀਮ ਜਲਦੀ ਹੀ ਆ ਰਹੀ ਹੈ। ਇਸ ਕੇਸ ਵਿੱਚ ਯੂ.ਜੀ.ਸੀ. ਨੇ 400 ਯੂਨੀਵਰਸਿਟੀਆਂ ਵਿੱਚੋਂ 10 ਯੂਨੀਵਰਸਿਟੀਆਂ ਨੂੰ ਚੁਣਿਆ ਹੈ ਅਤੇ 5 ਯੂਨੀਵਰਸਿਟੀਆਂ ਨੂੰ ਇਸ ਸਕੀਮ ਦੇ ਤਹਿਤ ਵਿੱਤੀ ਸਹਾਇਤਾ ਦਿੱਤੀ ਜਾਣੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਫੋਕਸ ਏਰੀਆ ਤੇ ਰਿਸਰਚ ਸੈਂਟਰ ਸਥਾਪਿਤ ਕਰਨ ਦੀ ਗਲ ਤੇ ਜ਼ੋਰ ਦਿੰਦਿਆਂ ਇਸ ਸਕੀਮ ਨੂੰ ਨੇੜਲੇ ਭਵਿਖ ਵਿੱਚ ਨੇਪਰੇ ਚਾੜਨ ਲਈ ਵੀ ਸੇਧ ਦਿੱਤੀ। ਯੂਨੀਵਰਸਿਟੀ ਦੀ ਸਥਾਪਨਾ ਨੂੰ 2012 ਵਿੱਚ 50 ਸਾਲ ਹੋ ਜਾਣਗੇ ਅਤੇ ਇਸ ਸਾਲ ਵਿੱਚ 1 ਬਿਲਡਿੰਗ ਦਾ ਨਾਮ ਗੋਲਡਨ ਜੁਬਲੀ ਰੱਖਣ ਸਬੰਧੀ ਅਤੇ ਸਾਲ 2011-12 ਵਿੱਚ ਗੋਲਡਨ ਜੁਬਲੀ ਦੇ ਨਾਮ ਤੇ ਅਕਾਦਮਿਕ ਅਤੇ ਕਲਚਰ ਪ੍ਰੋਗਰਾਮ ਕਰਨ ਸਬੰਧੀ ਵੀ ਸੰਕੇਤ ਕੀਤਾ। ਯੂਨੀਵਰਸਿਟੀ ਨਾਲ ਐਫੀਲੀਏਟਿਡ ਕਾਲਜਾਂ ਵਿੱਚ ਕਈ Short Term Courses ਅਤੇ Job Oriented Courses ਸ਼ੁਰੂ ਕੀਤੇ ਹੋਏ ਹਨ ਅਤੇ ਇਨ੍ਹਾਂ ਕੋਰਸਾਂ ਵਾਸਤੇ ਇੱਕ ਨਵੀਂ ਫੈਕਲਟੀ ਦਾ ਨਾਮ ਦੇਣ ਬਾਰੇ ਵੀ ਸੰਕੇਤ ਕੀਤਾ। ਨੇੜ ਭਵਿਖ ਵਿੱਚ ਇਸ ਮੰਤਵ ਦੀ ਸਿੱਧੀ ਲਈ ਇੱਕ ਕਮੇਟੀ ਦਾ ਗਠਨ ਕਰਨ ਲਈ ਵੀ ਉਨ੍ਹਾਂ ਵੱਲੋਂ ਕਿਹਾ ਗਿਆ।

ਚਲਦਾ............

87/cP



ਇਸ ਉਪਰੰਤ ਵਾਈਸ-ਚਾਂਸਲਰ ਸਾਹਿਬ ਦੀ ਆਗਿਆ ਨਾਲ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਮਿਤੀ 08-06-2010 ਨੂੰ ਯੋਜਨਾ ਅਤੇ ਨਿਰੀਖਣ ਬੋਰਡ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਮੱਦ ਨੰਬਰ:1** ਮੁਖੀ, ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਵੱਲੋਂ ਦਿੱਤੀ ਤਜਵੀਜ਼ ਕਿ ਯੂਨੀਵਰਸਿਟੀ ਵਿੱਚ ਸਕੂਲ ਆਫ਼ ਐਪਲਾਈਡ ਮੈਨੇਜਮੈਂਟ ਵਿਭਾਗ ਸਥਾਪਿਤ ਕੀਤਾ ਜਾਵੇ, ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ- I) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

**ਨੋਟ**

ਯੂਨੀਵਰਸਿਟੀ ਕੈਂਪਸ ਤੇ ਜੋ ਨਵਾਂ ਸਕੂਲ ਆਫ਼ ਐਪਲਾਈਡ ਮੈਨੇਜਮੈਂਟ ਵਿਭਾਗ ਸਥਾਪਿਤ ਕੀਤਾ ਗਿਆ ਹੈ, ਇਸ ਵਿੱਚ ਅਕਾਦਮਿਕ ਸੈਸ਼ਨ 2011-12 ਤੋਂ ਵੱਖ-ਵੱਖ ਕੋਰਸ ਸ਼ੁਰੂ ਕੀਤੇ ਜਾਣਗੇ ਜਿਸ ਦਾ ਵੇਰਵਾ ਬੋਰਡ ਅੱਗੇ ਪੇਸ਼ ਕੀਤੀ ਜਾਣ ਵਾਲੀ ਮੱਦ ਨੰ: 2 (ਅ) ਵਿੱਚ ਵਿਸਤ੍ਰਿਤ ਰੂਪ ਵਿੱਚ ਦਰਸਾਇਆ ਗਿਆ ਹੈ।

**ਮੱਦ ਨੰਬਰ:2** ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ/ਨੇਬਰਹੁੱਡ ਕੈਂਪਸਾਂ ਵਿਖੇ ਅਕਾਦਮਿਕ ਸੈਸ਼ਨ 2011-12 ਤੋਂ ਨਵੇਂ ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 18-03-2011 ਨੂੰ ਹੋਈ ਇਕੱਤਰਤਾ ਵਿੱਚ ਹੇਠ ਦਰਜ ਸਿਫਾਰਸ਼ਾਂ (ਅੰਤਿਕਾ- II) 'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਨਿਮਨ-ਲਿਖਿਤ ਵੱਖ-ਵੱਖ ਵਿਭਾਗਾਂ/ਨੇਬਰਹੁੱਡ ਕੈਂਪਸਾਂ ਵਿਖੇ ਸ਼ੁਰੂ ਕਰਨ ਵਾਲੇ ਕੋਰਸਾਂ ਸਬੰਧੀ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

(ੳ)

1. ਯੂਨੀਵਰਸਿਟੀ ਕਾਲਜ, ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਰਾਮਪੁਰਾ ਫੂਲ ਵਿਖੇ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਐਗਰੀਕਲਚਰ ਮਾਰਕੀਟਿੰਗ ਕੋਰਸ (ਅੰਤਿਕਾ- II-A)
2. ਕੰਪਿਊਟਰ ਸੈਂਟਰ ਵਿਖੇ PG Diploma in Computer Maintenance & networking ਅਤੇ PG Diploma in Internet and Web-Designing (ਅੰਤਿਕਾ II-B)
3. ਨਵਾਬ ਸ਼ੇਰ ਮੁਹੰਮਦ ਖਾਨ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਉਰਦੂ, ਪਰਸ਼ੀਅਨ ਐਂਡ ਅਰੈਬਿਕ, ਮਲੇਰਕੋਟਲਾ ਵਿਖੇ ਐਮ.ਐਸ.ਸੀ.(ਆਈ.ਟੀ.)(ਅੰਤਿਕਾ II- C)
4. ਕੰਪਿਊਟਰ ਸਾਇੰਸ ਵਿਖੇ ਐਮ.ਟੈਕ. ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਦਾ ਪਾਰਟ ਟਾਈਮ ਕੋਰਸ ਅਤੇ ਐਮ.ਫਿਲ. ਕੰਪਿਊਟਰ ਸਾਇੰਸ (ਅੰਤਿਕਾ II-D)
5. ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਕਰੰਡੀ ਮਾਨਸਾ ਵਿਖੇ M.Sc. (IT) (ਅੰਤਿਕਾ II-E )
6. ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਜੈਤੋ ਵਿਖੇ M.Sc. (IT) Lateral Entry ਕੋਰਸ (ਅੰਤਿਕਾ II-F)

**ਨੋਟ:** ਉਕਤ ਕੋਰਸ ਇਸ ਸ਼ਰਤ ਤੇ ਸ਼ੁਰੂ ਕਰਨ ਦੀ ਸਿਫਾਰਿਸ਼ ਹੈ ਕਿ ਇਨ੍ਹਾਂ ਵਿਭਾਗਾਂ ਨੂੰ ਕੋਈ ਵਾਧੂ ਇਨਫਰਾਸਟਰੱਕਚਰ ਨਹੀਂ ਦਿੱਤਾ ਜਾਵੇਗਾ ਅਤੇ ਨਾ ਹੀ ਕੋਈ ਰੈਗੂਲਰ ਫੈਕਲਟੀ ਮੁਹਈਆ ਕੀਤੀ ਜਾਵੇਗੀ ਕਿਉਂਜੋ ਇਹ ਕੋਰਸ ਸਵੈ-ਵਿੱਤੀ ਤੌਰ ਤੇ ਚਲਾਏ ਜਾਣਗੇ।

ਚਲਦਾ.............

(ਅ). ਯੂਨੀਵਰਸਿਟੀ ਕੈਂਪਸ ਵਿਖੇ ਜੋ ਨਵਾਂ ਵਿਭਾਗ ਸਕੂਲ ਆਫ਼ ਐਪਲਾਈਡ ਮੈਨੇਜਮੈਂਟ ਸਥਾਪਿਤ ਕੀਤਾ ਗਿਆ ਹੈ, ਉਸ ਵਿੱਚ ਬੀ.ਬੀ.ਏ./ਐਮ.ਬੀ.ਏ. (ਪੰਜ ਸਾਲਾ) ਕੋਰਸ ਸ਼ੁਰੂ ਕੀਤਾ ਜਾਣਾ ਹੈ, ਉਸ ਵਿੱਚ ਨਿਮਨ-ਲਿਖਿਤ ਕੋਰਸ ਇੰਟੈਗ੍ਰੇਟ ਕਰ ਦਿੱਤੇ ਜਾਣ ਤਾਂ ਜੋ ਇਨ੍ਹਾਂ ਕੋਰਸਾਂ ਨੂੰ ਨੈਸ਼ਨਲ ਸਕਿਉਰਟੀ ਐਕਸਚੇਂਜ ਸੰਸਥਾ ਵੱਲੋਂ ਉਕਤ ਡਿਗਰੀਆਂ ਦੇ ਨਾਲ-ਨਾਲ ਐਡੀਸ਼ਨਲ ਸਰਟੀਫਿਕੇਟ ਕੋਰਸ/ਡਿਪਲੋਮਾ/ਡਿਗਰੀ ਬਾਰੇ ਕਾਰਵਾਈ ਕੀਤੀ ਜਾ ਸਕੇ (ਅੰਤਿਕਾ II-G):-

i) Financial Literacy
ii) Educated Investor
iii) Stand alone NCFM modules
iv) Financial Markets Management (FMM)
v) NCCMP

**ਮੱਦ ਨੰਬਰ:3** ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2011-12 ਤੋਂ ਇੱਕ ਸਾਲਾ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਸਿਖ ਥਿਆਲੋਜੀ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ (ਅੰਤਿਕਾ- III) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

1. ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਖੇ ਇਹ ਕੋਰਸ ਅਕਾਦਮਿਕ ਸੈਸ਼ਨ 2011-12 ਤੋਂ ਸ਼ੁਰੂ ਕੀਤਾ ਜਾਵੇਗਾ ਅੇ ਹਰੇਕ ਸੈਸ਼ਨ ਵਿੱਚ ਵੱਧ ਤੋਂ ਵੱਧ 10 ਵਿਦਿਆਰਥੀ ਦਾਖਲ ਕੀਤੇ ਜਾਣਗੇ। ਇਸ ਕੋਰਸ ਵਿੱਚ ਬੀ.ਏ. ਪਾਸ ਵਿਦਿਆਰਥੀ ਦਾਖਲੇ ਲਈ ਯੋਗ ਹੋਣਗੇ ਪਰ ਧਰਮ ਅਧਿਐਨ ਦੇ ਵਿਸ਼ੇ ਨੂੰ ਪਹਿਲ ਦਿੱਤੀ ਜਾਵੇਗੀ।

2. ਇਸ ਕੋਰਸ ਦਾ ਸਲੇਬਸ ਅਤੇ ਨਿਯਮਾਵਲੀ ਬੋਰਡ ਆਫ਼ ਸਟੱਡੀਜ਼ ਤੋਂ ਪ੍ਰਵਾਨ ਕਰਵਾ ਲਿਆ ਜਾਵੇਗਾ ਅਤੇ ਕੋਈ ਹੋਰ ਫੈਕਲਟੀ ਦੀ ਮੰਗ ਨਹੀਂ ਕੀਤੀ ਜਾਵੇਗੀ।

**ਮੱਦ ਨੰਬਰ:4** ਟੂਰਿਜ਼ਮ, ਹੋਸਪੀਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2011-12 ਤੋਂ ਬੀ.ਐਸ.ਸੀ. ਟੂਰਿਜ਼ਮ ਮੈਨੇਜਮੈਂਟ (ਸਮੈਸਟਰ ਸਿਸਟਮ) ਤਿੰਨ ਸਾਲਾ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 17-02-2011 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਿਸ਼ਾਂ (ਅੰਤਿਕਾ - IV) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

1. ਇਸ ਕੋਰਸ ਦੀ ਅਵਧੀ ਤਿੰਨ ਸਾਲ ਹੋਵੇਗੀ ਅਤੇ ਇਸ ਕੋਰਸ ਵਿੱਚ 40 ਸੀਟਾਂ ਰੱਖੀਆਂ ਜਾਣਗੀਆਂ। ਇਸ ਕੋਰਸ ਦੇ ਆਰਡੀਨੈਂਸ, ਸਿਲੇਬਸ ਅਤੇ ਪੈਨਲ ਬੋਰਡ ਆਫ ਸਟੱਡੀਜ਼ ਬਿਜਨੈਸ ਮੈਨੇਜਮੈਂਟ ਫੈਕਲਟੀ ਵਿੱਚੋਂ ਪ੍ਰਵਾਨ ਕਰਵਾਏ ਜਾਣਗੇ।

2. ਨੌਜਵਾਨ ਵਿਦਿਆਰਥੀਆਂ ਲਈ ਇਸ ਕੋਰਸ ਦੇ ਕਰਨ ਉਪਰੰਤ ਵੱਖ-ਵੱਖ ਤਰ੍ਹਾਂ ਦੀਆਂ ਨੌਕਰੀਆਂ ਜਿਵੇਂ ਕਿ ਟ੍ਰੈਵਲ ਏਜੰਸੀਆਂ, ਟ੍ਰੈਵਲ ਕੰਪਨੀਆਂ ਵਿੱਚ ਟੂਰ ਅਪਰੇਟਰ, ਗਾਈਡ ਅਤੇ ਮੈਨੇਜਰ ਅਹੁਦਿਆਂ ਵਿਚ ਕੰਮ ਕਰਨ ਦਾ ਮੌਕਾ ਮਿਲੇਗਾ।

3. ਫੀਸਾਂ, ਚੰਦੇ ਅਤੇ ਹੋਰ ਸੂਚਨਾ (ਅੰਤਿਕਾ-V) ਤੇ ਉਪਲਬਧ ਹੈ।

ਚਲਦਾ.........

80/cl



ਮੱਦ ਨੰਬਰ:5 ਸੈਂਟਰ ਫਾਰ ਐਡਵਾਂਸਡ ਮੀਡੀਆ ਸਟੱਡੀਜ਼ ਵਿਖੇ ਅਕਾਦਮਿਕ ਸੈਸ਼ਨ 2011-12 ਤੋਂ ਬੀ.ਏ. ਆਨਰਜ਼ ਇਨ ਜਰਨਲਿਜ਼ਮ, ਮਾਸ ਕਮਿਊਨੀਕੇਸ਼ਨ ਐਂਡ ਮੀਡੀਆ ਟੈਕਨਾਲੋਜੀ ਕੋਰਸ ਸ਼ੁਰੂ ਕਰਨ ਦੇ ਮਾਮਲੇ ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਦੀ ਦਿੱਤੀ ਪ੍ਰਵਾਨਗੀ (ਅੰਤਿਕਾ-VI) ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਦੇ ਪੈਰ੍ਹਾ ਨੰ: 4 ਵਿੱਚ ਤਰਮੀਮ ਕਰਨ ਉਪਰੰਤ ਸਾਲਾਨਾ ਦੀ ਥਾਂ ਸਮੈਸਟਰ ਸਿਸਟਮ ਦੇ ਅਧਾਰ ਤੇ ਉਕਤ ਕੋਰਸ ਨੂੰ ਸ਼ੁਰੂ ਕਰਨ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

1. ਇਹ ਕੋਰਸ ਨਵੇਂ ਅਕਾਦਮਿਕ ਵਰ੍ਹੇ ਸਾਲ 2011-12 ਤੋਂ ਸ਼ੁਰੂ ਕਰ ਲਿਆ ਜਾਵੇ।
2. ਇਸ ਕੋਰਸ ਲਈ ਸੀਟਾਂ ਦੀ ਗਿਣਤੀ 25 ਰਖ ਲਈ ਜਾਵੇ।
3. ਇਸ ਕੋਰਸ ਲਈ ਫੀਸ 20,000/-ਰੁ. ਰੱਖੀ ਜਾਵੇ।
4. ਕੋਰਸ ਦੀਆਂ ਪ੍ਰੈਕਟੀਕਲ ਅਤੇ ਹੋਰ assignments ਨੂੰ ਮੱਦੇ-ਨਜ਼ਰ ਰਖਦੇ ਹੋਏ ਇਸ ਨੂੰ ਸਮੈਸਟਰ ਸਿਸਟਮ ਆਧਾਰ ਤੇ ਸ਼ੁਰੂ ਕੀਤਾ ਜਾਵੇ।

ਮੱਦ ਨੰਬਰ:6 ਫੋਰੈਂਸਿਕ ਸਾਇੰਸ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2011-12 ਤੋਂ ਐਮ.ਫਿਲ. ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੀ ਲੋਅ ਵਿੱਚ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਸ ਮੱਦ ਨਾਲ ਸਬੰਧਿਤ ਹੇਠ ਲਿਖੇ ਨੋਟ ਨੂੰ ਪ੍ਰਵਾਨ ਕਰ ਲਿਆ ਗਿਆ:-

ਨੋਟ

ਮੁਖੀ, ਫੋਰੈਂਸਿਕ ਸਾਇੰਸ ਵੱਲੋਂ ਵਿਭਾਗ ਦੇ ਪੱਤਰ ਨੰ: 2033/ਫ.ਸ./10 ਮਿਤੀ 16-12-2010 (ਅੰਤਿਕਾ -VII) ਰਾਹੀਂ ਵਿਭਾਗ ਵਿੱਚ ਐਮ.ਫ਼ਿਲ. ਕੋਰਸ ਸ਼ੁਰੂ ਕਰਨ ਸਬੰਧੀ ਦਿੱਤੀ ਜਾਣਕਾਰੀ ਮੁਤਾਬਿਕ ਇਹ ਕੋਰਸ ਸ਼ੁਰੂ ਕਰਨ ਬਾਰੇ ਵਾਈਸ-ਚਾਂਸਲਰ ਸਾਹਿਬ ਪਾਸੋਂ ਪ੍ਰਵਾਨਗੀ ਲਈ ਗਈ ਹੈ।

ਮੱਦ ਨੰਬਰ:7 ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨੀ ਜਿਸ ਰਾਹੀਂ ਬਾਬਾ ਧਿਆਨ ਦਾਸ ਨੇਬਰਹੁੱਡ ਕੈਂਪਸ, ਝੁਨੀਰ (ਮਾਨਸਾ) ਵਿਖੇ ਅਕਾਦਮਿਕ ਸੈਸ਼ਨ 2010-11 ਤੋਂ ਛੇ ਮਹੀਨਿਆਂ ਦਾ ਸਰਟੀਫਿਕੇਟ ਕੋਰਸ ਇਨ ਫੈਸ਼ਨ ਡਿਜ਼ਾਈਨਿੰਗ (ਅੰਤਿਕਾ-VIII) ਅਤੇ ਅਕਾਦਮਿਕ ਸੈਸ਼ਨ 2011-12 ਤੋਂ ਐਮ.ਬੀ.ਏ. ਦੋ ਸਾਲਾ ਅਤੇ ਐਮ.ਐਸ.ਸੀ. ਲੇਟਰਲ ਐਂਟਰੀ (ਕੰਪਿਊਟਰ ਸਾਇੰਸ) ਸ਼ੁਰੂ ਕਰਨ ਸਬੰਧੀ ਪ੍ਰਵਾਨਗੀ ਦੀ ਬੋਰਡ ਵੱਲੋਂ ਨਿਮਨ-ਲਿਖਿਤ ਨੋਟ ਸਮੇਤ ਪੁਸ਼ਟੀ ਕਰ ਦਿੱਤੀ ਗਈ: -

ਨੋਟ

1. ਸਰਟੀਫਿਕੇਟ ਕੋਰਸ ਇਨ ਫੈਸ਼ਨ ਡਿਜ਼ਾਈਨਿੰਗ ਕੋਰਸ ਦੀ ਪਾਤਰਤਾ ਦਸਵੀਂ ਪੱਧਰ ਦੀ ਹੋਵੇਗੀ। ਇਹ ਕੋਰਸ 6 ਮਹੀਨੇ ਦਾ ਹੋਵੇਗਾ ਅਤੇ ਇਸ ਕੋਰਸ ਦੀ ਕਿਸਮ ਕਰੀਏਟਿਵ ਆਰਟਸ ਅਤੇ ਡੀਜ਼ਾਈਨਿੰਗ ਹੋਵੇਗੀ।0 ਇਸ ਕੋਰਸ ਦੀ ਫ਼ੀਸ ਅੰਤਰਰਾਸ਼ਟਰੀ ਇਸਤਰੀ ਬਹੁਤਕਨੀਕੀ, ਕਾਲਜ ਦਿੱਲੀ ਵਿਖੇ ਚਲ ਰਹੇ ਕੋਰਸ ਵਾਂਗ 10,500/-ਰੁ. ਨਿਸ਼ਚਿਤ ਕੀਤੀ ਗਈ ਹੈ (ਅੰਤਿਕਾ- IX)।

ਚਲਦਾ............

2. ਐਮ.ਬੀ.ਏ. ਦੋ ਸਾਲਾ ਅਤੇ ਐਮ.ਐਸ.ਸੀ. ਲੇਟਰਲ ਐਂਟਰੀ (ਕੰਪਿਊਟਰ ਸਾਇੰਸ) ਕੋਰਸਾਂ ਸਬੰਧੀ ਜਾਣਕਾਰੀ (ਅੰਤਿਕਾ- X ) ਤੇ ਉਪਲਬਧ ਹੈ।

ਮੀਟਿੰਗ ਦੇ ਅੰਤ ਵਿਚ ਵਾਈਸ-ਚਾਂਸਲਰ ਸਾਹਿਬ ਵੱਲੋਂ ਇਕੱਤਰਤਾ ਵਿਚ ਸ਼ਾਮਲ ਹੋਣ ਲਈ ਬੋਰਡ ਦੇ ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਗਿਆ।

ਡਾਇਰੈਕਟਰ
ਯੋਜਨਾ ਤੇ ਨਿਰੀਖਣ

ਡੀਨ ਅਕਾਦਮਿਕ ਮਾਮਲੇ

ਵਾਈਸ-ਚਾਂਸਲਰ ਸਾਹਿਬ